30

# ਸਲੀਬ ਦੀਆਂ ਵੱਡੀਆਂ ਗੱਲਾਂ, 3

## 1 ਯੂਹੰਨਾ 2:1, 2

*''ਅਤੇ ਉਹ ਸਾਡਿਆਂ ਪਾਪਾਂ ਦਾ ਪ੍ਰਾਸਚਿਤ ਹੈ ...'' (1 ਯੂਹੰਨਾ 2:2)।*

### ''ਪ੍ਰਾਸਚਿਤ''

''ਪ੍ਰਾਸਚਿਤ'' ਲਈ ਅੰਗ੍ਰੇਜ਼ੀ ਭਾਸ਼ਾ ਦਾ ਸ਼ਬਦ ''Propitiation'' ਕਈ ਵਾਰ ਜੋੜ ਕਰਨਾ ਔਖਾ ਲਗਦਾ ਹੈ ਅਤੇ ਕਈ ਵਾਰ ਤਾਂ ਇਹ ਗਲਤ ਵੀ ਬੋਲਿਆ ਜਾਂਦਾ ਹੈ। ਇਸ ਸ਼ਬਦ ਤੋਂ ਇਕ ਧਾਰਣਾ ਦਾ ਪਤਾ ਲਗਦਾ ਹੈ ਕਿਉਂਕਿ ਮੂਰਤੀਪੂਜਕ ਰਵਾਇਤਾਂ ਨੇ ਇਹਨੂੰ ਘਸਮੈਲਾ ਕਰ ਦਿੱਤਾ ਹੈ। ਮੂਰਤੀਆਂ ਨੂੰ ਬਚਕਾਨਾ ਸਨਕ ਦੇ ਰੂਪ ਵਿਚ ਵਿਖਾਇਆ ਜਾਂਦਾ ਸੀ ਜਿਹਨੂੰ ਖ਼ੁਸ਼ ਕਰਨਾ ਜ਼ਰੂਰੀ ਸੀ। ਯਿਸੂ ਦੇ ਸਮੇਂ 'ਚ ''ਪ੍ਰਾਸਚਿਤ'' ਜ਼ਾਂ ਕੱਫ਼ਾਰੇ ਤੋਂ ਭਾਵ ਖ਼ੂਨ ਦੀ ਕੁਰਬਾਨੀ ਦੇ ਕੇ ਮੂਰਤੀ ਦੇ ਗੁੱਸੇ ਨੂੰ ਸ਼ਾਂਤ ਕਰਨਾ ਹੁੰਦਾ ਸੀ।

ਖ਼ੁਦਾ ਮਨ ਮੌਜੀ ਨਹੀਂ ਹੈ, ਭਾਵ ਉਹ ਇਸ ਤੋਂ ਉੱਪਰ ਹੈ ਕਿ ਉਹਦੀਆਂ ਭਾਵਨਾਵਾਂ ਨੂੰ ਆਹਤ ਕੀਤਾ ਜਾ ਸਕੇ। ਉਹਨੇ ਮੁਕਤੀ ਬਣਾਈ ਜਿਹਦੇ ਰਾਹੀਂ ਮਨੁੱਖ ਨੂੰ ਮਾਫ਼ ਕਰਕੇ ਵੀ ਪਾਪ ਨਾਲ ਆਪਣੇ ਵਿਹਾਰਾਂ ਵਿਚ ਧਰਮੀ ਠਹਿਰਦਾ। ਯਿਸੂ ਨੇ ਆਪਣੀ ਨਿੱਜੀ ਕੁਰਬਾਨੀ ਦੇ ਕੇ ਪ੍ਰਾਸਚਿਤ ਜਾਂ ਕੱਫ਼ਾਰਾ ਮੁਹੱਈਆ ਕਰਵਾਇਆ। ਇਕ ਅਰਥ ਵਿਚ ਖ਼ੁਦਾ ਨੇ ਸਾਡੀ ਸਜ਼ਾ ਆਪਣੇ ਉੱਤੇ ਲੈ ਲਈ। ਇਸ ਤਰ੍ਹਾਂ ਉਹ ਧਰਮੀ ਰਹਿ ਕੇ ਵੀ ਪਾਪੀਆਂ ਨੂੰ ਬਚਾ ਸਕਦਾ ਹੈ।

ਮਨੁੱਖ ਲਈ ਧਰਮੀ ਹੋਣਾ ਲਾਜ਼ਮੀ ਹੈ; ਉਹ ਆਪਣੇ ਧਰਮੀ ਹੋਣ ਕਰਕੇ ਧਾਰਮਿਕਤਾ ਪੈਦਾ ਨਹੀਂ ਕਰ ਸਕਦਾ। ਇਹ ਖ਼ੁਦਾ ਦੀ ਹੈ, ਪਰ ਖ਼ੁਦਾ ਪਾਪੀ ਨੂੰ ''ਇਵੇਂ ਐਵੇਂ ਹੀ ਦੇ'' ਨਹੀਂ ਸਕਦਾ। ਨਾ ਹੀ ਪਾਪੀ ਖ਼ੁਦਾ ਨੂੰ ਮੋੜ ਸਕਦੇ, ਰਿਸ਼ਵਤ ਦੇ ਸਕਦੇ ਜਾਂ ਵੱਡੇ-ਵੱਡੇ ਤੋਹਫ਼ੇ ਦੇ ਕੇ ਪ੍ਰਭਾਵਿਤ ਕਰ ਸਕਦੇ ਹਨ। ਯਿਸੂ ਸਾਡੇ ਲਈ ਅੰਤਿਮ ਅਤੇ ਸੰਪੂਰਣ ਕੁਰਬਾਨੀ ਬਣਿਆ। ਉਹਨੇ ਆਪਣੇ ਉੱਤੇ ਪਹਿਲਾਂ ਸਾਡਾ ਬਦਨ ਅਤੇ ਫਿਰ ਸਾਡਾ ਪਾਪ ਚੁੱਕਿਆ। ਉਹ ਸਾਡੀ ਕੁਰਬਾਨੀ ਅਤੇ ਸਾਡਾ ਪ੍ਰਧਾਨ ਯਾਜਕ ਦੋਵੇਂ ਹੈ (ਇਬਰਾਨੀਆਂ 2:14-18)। ਉਹ ਸਾਡਾ ਪ੍ਰਭੂ *ਵੀ ਹੈ* ਅਤੇ ਮੁਕਤੀਦਾਤਾ ਵੀ (ਰਸੂਲਾਂ ਦੇ ਕੰਮ 2:36)। ਉਹ ਸਾਡੀ ਥਾਂ ਹੋਣ ਵਾਲੀ ਕੁਰਬਾਨੀ ਭਾਵ ਹਰ ਯਹੂਦੀ ਕੁਰਬਾਨੀ ਦਾ ਪੂਰਾ ਹੋਣਾ ਹੈ। ਉਹਨੂੰ ਦੋਸ਼ੀ ਨਹੀਂ ਬਣਾਇਆ ਗਿਆ ਸੀ

ਬਲਕਿ ਉਹਨੂੰ ਸਾਡੇ ਪਾਪਾਂ ਲਈ ਸਾਡੇ ਬਦਲ ਦੇ ਤੌਰ ਤੇ ਪਾਪ ਬਣਾਇਆ ਗਿਆ ਸੀ (2 ਕੁਰਿੰਥੀਆਂ 5:17-21)।

ਪ੍ਰਾਸਚਿਤ ਪਾਪ ਦੀ ਬੇਹੱਦ ਦੁਸ਼ਟਟਾ ਤੇ ਜ਼ੋਰ ਦਿੰਦਾ ਹੈ। ਖ਼ੁਦਾਈ ਕਿਰਪਾ ਨੇ ਖ਼ੁਦਾਈ ਖੁਦ-ਕੁਰਬਾਨੀ ਦੇ ਕੇ ਖ਼ੁਦਾਈ ਕ੍ਰੋਧ ਨੂੰ ਸ਼ਾਂਤ ਕੀਤਾ।

## ''ਪਸ਼ਚਾਤਾਪ''

ਨਵਾਂ ਨੇਮ ਕਹਿੰਦਾ ਹੈ ਕਿ ਪਾਪੀਆਂ ਲਈ ਆਪਣੇ ਆਪ ਨੂੰ ਬਚਾਉਣਾ ਨਾਮੁਮਕਿਨ ਹੈ। ਸਿਰਫ਼ ਮਸੀਹੀਅਤ ਕੋਲ ਹੀ ਮੁਕਤੀਦਾਤਾ, ਯਿਸੂ ਹੈ।

ਪ੍ਰਾਸਚਿਤ (ਜਿਸ ਨਾਲ ਮਿਲਾਪ ਹੁੰਦਾ ਹੈ) ਪਸ਼ਚਾਤਾਪ (ਕੱਫ਼ਾਰਾ ਦੇਣ ਦਾ ਕੰਮ) ਨਾਲ ਹੀ ਸੰਭਵ ਕਰਵਾਇਆ ਗਿਆ ਹੈ। ਪ੍ਰਾਸਚਿਤ ਅਤੇ ਪਸ਼ਚਾਤਾਪ ਆਪਸ ਵਿਚ ਐਨੇ ਗੁੱਥੇ ਹੋਏ ਹਨ ਕਿ ਇਨ੍ਹਾਂ ਨੂੰ ਵੱਖ ਕਰਨਾ ਔਖਾ ਹੈ। ਪਸ਼ਚਾਤਾਪ ਪਾਪ ਤੋਂ ਕੀਤਾ ਜਾਂਦਾ ਹੈ, ਪਰ ਪ੍ਰਾਸਚਿਤ ਆਦਮੀ ਲਈ ਹੈ। ਪਸ਼ਚਾਤਾਪ ਡਾਕਟ੍ਰਿਨਲ ਸੱਚਾਈ ਹੈ ਜਦ ਕਿ ਪ੍ਰਾਸਚਿਤ ਕਿਸੇ ਡਾਕਟ੍ਰਿਨਲ ਸੱਚਾਈ ਨੂੰ ਨਿੱਜੀ ਤੌਰ 'ਤੇ ਲਾਗੂ ਕਰਨਾ ਹੈ। ਪਸ਼ਚਾਤਾਪ ਦੋਸ਼ ਨੂੰ ਹਟਾਉਣਾ ਹੈ ਜਦਕਿ ਪ੍ਰਾਸਚਿਤ ਪਾਪ ਦੇ ਕਾਰਣ ਹੋਣ ਵਾਲਾ ਰੱਬੀ ਕ੍ਰੋਧ ਲਾਹੁਣਾ ਹੈ।

ਯਿਸੂ ਸਾਡਾ ''ਪ੍ਰਾਸਚਿਤ'' ਹੈ (ਰੋਮੀਆਂ 3:25, 26)। ਸਾਡੀ ਧਾਰਮਿਕਤਾ ਵਿਸ਼ਵਾਸ ਨਾਲ ਹੋਣ ਵਾਲੀ ਧਾਰਮਿਕਤਾ ਹੈ ਜੋ ਮਸੀਹ ਦੇ ਰਾਹੀਂ ਹੁੰਦੀ ਹੈ। ਯਿਸੂ ਦਾ ਲਹੂ ਪਸ਼ਚਾਤਾਪ ਦੀ ਸਾਡੀ ਕੁਰਬਾਨੀ ਹੈ। ਸਲੀਬ ਹੀ ਹੈ ਜਿੱਥੇ ਮਨੁੱਖ ਦੇ ਪਾਪ ਦਾ ਨਿਆਂ ਹੁੰਦਾ ਹੈ। ਪਸ਼ਚਾਤਾਪ ਲਈ ਜੁਰਮਾਨਾ ਚੁਕਾਉਣਾ ਭਾਵ ਕੀਮਤ ਚੁਕਾਉਣੀ ਲਾਜ਼ਮੀ ਹੈ (1 ਯੂਹੰਨਾ 2:1, 2) ਜਦ ਕਿ ਪ੍ਰਾਸਚਿਤ ਲਈ ਖ਼ੁਦਾ ਦੇ ਨਿਆਂ ਨੂੰ ਸਹੀ ਠਹਿਰਾਉਣਾ ਜ਼ਰੂਰੀ ਹੈ। ਸਾਨੂੰ ਮੁੱਲ ਦੇ ਕੇ ਖ਼ਰੀਦਿਆ ਗਿਆ ਅਤੇ ਧਰਮੀ ਖ਼ੁਦਾ ਨੇ ਯਿਸੂ ਵਿਚ ਸਾਡੇ ਵਿਸ਼ਵਾਸ ਦੇ ਰਾਹੀਂ ਸਾਨੂੰ ਧਰਮੀ ਐਲਾਨਿਆ ਹੈ। ਸਾਨੂੰ ਮਾਫ਼ ਕੀਤੇ ਹੋਏ ਐਲਾਨਿਆ ਗਿਆ ਹੈ ਕਿਉਂਕਿ ਯਿਸੂ ਨੇ ਸਾਡੇ ਪਾਪ ਦੀ ਕੀਮਤ ਚੁਕਾ ਦਿੱਤੀ ਹੈ (ਵੇਖੋ ਇਬਰਾਨੀਆਂ 2:17, 18; 1 ਯੂਹੰਨਾ 4:9-11)।

ਯਿਸੂ ਸਾਡਾ ''ਪਸਾਹ'' ਹੈ (1 ਕੁਰਿੰਥੀਆਂ 5:7)। ਉਹਨੇ ਖ਼ੁਦਾ ਕੋਲੋਂ ਸਾਡੇ ਪਾਪ ਆਪਣੀ ਪਿੱਠ ਉੱਤੇ ਲਦਵਾ ਕੇ ਸਾਡੇ ਪਾਪ ਚੁੱਕ ਲਏ (ਵੇਖੋ ਯਸਾਯਾਹ 38:17)।

ਖਿਝਿਆ ਹੋਇਆ ਖ਼ੁਦਾ ਸਲੀਬ ਤੋਂ ਦੂਰ ਨਹੀਂ ਖਲੋਤਾ। ਉਹਨੇ ਸਾਡੀ ਬੇਨਤੀ ਵਿਚ ਆਪਣੇ ਲਹੂ ਨੂੰ ਸ਼ਾਮਿਲ ਕੀਤਾ। ਮਸੀਹ ਵਿਚ ਉਹਨੇ ਸਾਡੇ ਪਾਪਾਂ ਦੀ ਸਜ਼ਾ ਮਕਾਨਕੀ ਬਦਲ ਵਿਚ ਨਹੀਂ ਬਲਕਿ ਡੂੰਘੇ ਨਿੱਜੀ ਪਿਆਰ ਕਰਕੇ ਆਪਣੇ ਉੱਤੇ ਲੈ ਲਈ। ਖ਼ੁਦਾ ਸਲੀਬ ਦੇ ਰਾਹ ਦੇ ਬਗ਼ੈਰ ਸਾਨੂੰ ਮਾਫ਼ ਕਰਕੇ ਕਬੂਲ ਨਹੀਂ ਕਰ ਸਕਦਾ ਅਤੇ ਨਾ ਕਰੇਗਾ।

## ''ਇਲਜ਼ਾਮ''

ਦੂਜੇ ਦੀ ਧਾਰਮਿਕਤਾ ਨਾਲ ਧਰਮੀ ਠਹਿਰਾਉਣ ਦਾ ਵਿਚਾਰ ਡੂੰਘਾ ਵੀ ਹੈ ਅਤੇ ਅਸਾਨ ਵੀ। ਪਾਪੀ ਮਨੁੱਖ ਕਦੇ ਧਰਮੀ ਨਹੀਂ ਹੋ ਸਕਦਾ; ਇਸ ਕਰਕੇ ਉਹ ਕਿਸੇ ਹੋਰ ਦੀ ਧਾਰਮਿਕਤਾ ਦੇ ਨਾਲ ਹੀ ਧਰਮੀ ਠਹਿਰਾਇਆ ਜਾ ਸਕਦਾ ਹੈ। ਧਰਮੀ ਠਹਿਰਾਏ ਜਾਣ ਨੂੰ ''ਇੰਜੀਲ ਦਾ ਸਭ ਤੋਂ ਵੱਡਾ ਵਿਰੋਧਾਭਾਸ'' ਕਿਹਾ। ਮਾਫ਼ੀ ਦੇ ਕੇ ਖ਼ੁਦਾ ਪਾਪੀਆਂ ਨੂੰ ਧਰਮੀ ਭਾਵ ਰਾਸਤਬਾਜ਼ ਠਹਿਰਾਉਂਦਾ ਹੈ (ਰੋਮੀਆਂ 8:1, 2)। ਇਲਜ਼ਾਮ ਜਵਾਬਦੇਹੀ ਦਾ ਇਕ ਸ਼ਬਦ ਹੈ ਜਿਸ ਦੀ

ਵਰਤੋਂ ਕਿਸੇ ਹੋਰ ਦਾ ਧਨ ਮੇਰੇ ਹਿਸਾਬ ਵਿਚ ਆਉਣ ਦੇ ਅਰਥ ਵਿਚ ਕੀਤੀ ਜਾਂਦੀ ਹੈ। ਸਾਡੇ ਪਾਪਾਂ ਦਾ ਇਲਜ਼ਾਮ ਮਸੀਹ ਨੂੰ ਦਿੱਤਾ ਜਾਂਦਾ ਹੈ ਅਤੇ ਪੌਲੁਸ ਨੇ ਕਿਹਾ ਕਿ ਸਾਨੂੰ ''ਧਰਮ ਸਹਿਤ ਜਿਹੜਾ ਪ੍ਰਮੇਸ਼ਵਰ ਦੀ ਵੱਲੋਂ ਨਿਹਚਾ ਦੇ ਰਾਹੀਂ ਪ੍ਰਾਪਤ ਹੁੰਦਾ ਹੈ'' ਮਿਲਦਾ ਹੈ (ਫ਼ਿਲਿੱਪੀਆਂ 3:9; ਵੇਖੋ ਯਸਾਯਾਹ 53:5, 6, 10, 11; ਰੋਮੀਆਂ 4:11; 14:9; 1 ਪਤਰਸ 2:24)। ਫ਼ਿਲਿੱਪੀਆਂ 3:7-11 ਬਾਰ-ਬਾਰ ਪੜ੍ਹੋ। ਅਸੀਂ ਕਿਰਪਾ ਨੂੰ ਕਮਾਉਣਾ ਚਾਹਾਂਗੇ ਪਰ ਕਿਰਪਾ ਨੂੰ ਕਮਾਇਆ ਨਹੀਂ ਜਾ ਸਕਦਾ! ਬਰਟਨ ਕੌਫ਼ਮੈਨ ਨੇ ਸਹੀ ਕਿਹਾ ਹੈ, ''ਧਰਮੀ ਜੀਵਨ ਦੇ ਦਸ ਲੱਖ ਸਾਲਾਂ 'ਚ ਵੀ ਆਦਮੀ ਕੁਝ ਅਜਿਹਾ ਨਹੀਂ ਕਰ ਸਕਦਾ, ਜਿਸ ਨਾਲ ਮਨੁੱਖ ਨੂੰ ਖ਼ੁਦਾ ਵੱਲੋਂ ਮਸੀਹ ਵਿਚ ਮਿਲਣ ਵਾਲੀ ਮੁਕਤੀ ਦੇ ਇਕ ਹਿੱਸੇ ਨੂੰ ਵੀ ਕਮਾਇਆ ਜਾ ਸਕੇ।''[1] ਇਹਦੇ ਇਲਾਵਾ ਇਲਜ਼ਾਮ ਵਾਲੀ ਧਾਰਮਿਕਤਾ ਮਨੁੱਖੀ ਹੰਕਾਰ ਨੂੰ ਖ਼ਤਮ ਕਰ ਦਿੰਦੀ ਹੈ। ਮੁਕਤੀ ਵਿਚ ਖੂਬੀ ਦਾ ਕੰਮ ਸਿਰਫ਼ ਸਲੀਬ ਹੀ ਹੈ।

## ''ਮੁਆਵਜ਼ਾ''

ਸਭ ਤੋਂ ਮਸ਼ਹੂਰ ਅਤੇ ਪ੍ਰਾਸਚਿਤ ਦਾ ਸਭ ਤੋਂ ਘੱਟ ਸਮਝਿਆ ਜਾਣ ਵਾਲਾ ਪਹਿਲੂ ''ਮੁਆਵਜ਼ਾ'' ਹੈ। ਮਆਵਜ਼ਾ ਗੁਲਾਮਾਂ ਨੂੰ ਅਜ਼ਾਦ ਕਰਾਉਣ ਲਈ ਦਿੱਤੀ ਜਾਣ ਵਾਲੀ ਕੀਮਤ ਹੈ, ਅਤੇ ਪਾਪੀ ਲੋਕ ਪਾਪ ਦੇ ਗੁਲਾਮ ਹਨ। ਖ਼ੁਦਾ ਨੇ ਸਲੀਬ ਤੇ ਹਮੇਸ਼ਾ-ਹਮੇਸ਼ਾ ਲਈ ਸ਼ੈਤਾਨ ਦਾ ਮੂੰਹ ਬੰਦ ਕਰ ਦਿੱਤਾ (ਮੱਤੀ 20:28; ਗਲਾਤੀਆਂ 3:13; 1 ਤਿਮੋਥਿਉਸ 2:5, 6; ਤੀਤੁਸ 2:14, 15), ਜਿੱਥੇ ਸਾਨੂੰ ਛੁਡਾਉਣ ਲਈ ਲੇਲੇ ਦਾ ਲਹੂ ਚੜ੍ਹਾਇਆ ਗਿਆ ਸੀ। ਸ਼ੈਤਾਨ ਨੂੰ ਲੱਗਾ ਕਿ ਉਹਦੀ ਸਭ ਤੋਂ ਵੱਡੀ ਹਾਰ ਹੈ! ਯਿਸੂ ਪਾਪ ਦੀ ਕੀਮਤ ਅਤੇ ਸਾਡੀ ਮੌਤ ਦੇ ਬਦਲ ਦੇ ਰੂਪ ਵਿਚ ਸਾਡੇ ਲਈ ਮਰ ਗਿਆ। ਉਹ ਕਿਸੇ ਕਾਰਜ ਲਈ ਸ਼ਹੀਦ ਨਹੀਂ ਹੋਇਆ, ਪਰ ਉਹਨੇ ਆਪਣੀ ਮਰਜ਼ੀ ਨਾਲ ਸਾਡੇ ਮੁਆਵਜ਼ੇ ਜਾਂ ਨਿਸਤਾਰੇ ਦੇ ਤੌਰ ਤੇ ਆਪਣੀ ਜਾਨ ਦੇ ਦਿੱਤੀ। ਯਿਸੂ ਨੇ ਪਾਪ ਨੂੰ ਮਾਫ਼ ਕੀਤੇ ਜਾਣ ਯੋਗ ਅਤੇ ਮਨੁੱਖ ਨੂੰ ਬਚਾਉਣ ਯੋਗ ਬਣਾ ਦਿੱਤਾ। ਹੈਲੇਲੂੱਯਾਹ, ਸਾਡਾ ਮੁਕਤੀਦਾਤਾ ਜਿਊਂਦਾ ਹੈ!

ਇਹ ਮੁਆਵਜ਼ਾ ਕਿਹਨੂੰ ਦਿੱਤਾ ਗਿਆ ਸੀ? ਖ਼ੁਦਾ ਨੇ ਸ਼ੈਤਾਨ ਤੋਂ ਪਾਪੀਆਂ ਨੂੰ ਵਾਪਸ ਨਹੀਂ ਖ਼ਰੀਦਿਆ। ਖ਼ੁਦਾ ਕਿਸੇ ਨਾਲ ਵੀ ਸੌਦੇਬਾਜ਼ੀ ਨਹੀਂ ਕਰਦਾ! ਅਸੀਂ ''ਪਾਪ ਹੇਠ ਵੇਚੇ'' ਜਾਂਦੇ ਹਾਂ (ਰੋਮੀਆਂ 7:14; NKJV) ਪਰ ਅਸੀਂ ਸ਼ੈਤਾਨ ਕੋਲ ਨਹੀਂ ਵੇਚੇ ਜਾਂਦੇ। ਸਲੀਬ 'ਤੇ ਸ਼ੈਤਾਨ ਨਹੀਂ, ਖ਼ੁਦਾ ਸੰਤੁਸ਼ਟ ਹੋਇਆ ਸੀ (1 ਯੂਹੰਨਾ 2:1, 2)। ਸ਼ੈਤਾਨ ਤਾਂ ''ਦੋਸ਼ ਲਾਉਣ ਵਾਲਾ'' ਹੈ (ਪ੍ਰਕਾਸ਼ ਦੀ ਪੋਥੀ 12:9, 10)। ਖ਼ੁਦਾ ਪਾਪ ਨੂੰ ਸਜ਼ਾ ਦਿੱਤੇ ਬਗੈਰ ਧਰਮੀ ਨਹੀਂ ਹੋ ਸਕਦਾ। ਪਾਪ ਦਾ ਜੁਰਮਾਨਾ ਚੁਕਾਇਆ ਜਾਣਾ ਜ਼ਰੂਰੀ ਸੀ।

ਨਾ ਹੀ ਮੁਆਵਜ਼ਾ ਸਮਾਜ ਨੂੰ ਦਿੱਤਾ ਗਿਆ। ਸਮਾਜ ਕੋਲ ਪਾਪ ਨੂੰ ਸਜ਼ਾ ਦੇਣ ਦਾ ਕੋਈ ਕਾਨੂੰਨ ਜਾਂ ਅਦਾਲਤ ਨਹੀਂ ਹੈ। ਮੁਆਵਜ਼ਾ ਖ਼ੁਦਾ ਦੀ ਧਾਰਮਕਿਤਾ ਅਤੇ ਪਵਿੱਤਰਤਾ ਨੂੰ ਸੰਤੁਸ਼ਟ ਕਰਨ ਲਈ ਦਿੱਤਾ ਗਿਆ ਸੀ। ਮੁਆਵਜ਼ਾ ਦਿੱਤੇ ਜਾਣੇ ਤੇ, ਕਰਜ਼ਦਾਰ ਪੂਰੀ ਤਰ੍ਹਾਂ ਆਪਣਾ ਹੋ ਜਾਂਦਾ ਹੈ। ਮੁਆਵਜ਼ਾ ਜਾਂ ਕੱਫ਼ਾਰਾ ਪਾਪ ਦੀ ਬੇਇੱਜ਼ਤੀ ਲਈ ਸੰਤੁਸ਼ਟੀ ਹੈ। ਕਾਨੂੰਨ ਦਾ ਜੁਰਮਾਨਾ (ਰੋਮੀਆਂ 6:23) ਚੁਕਾ ਦਿੱਤਾ ਜਾਂਦਾ ਹੈ, ਅਤੇ ਇਹਦੀ ਪਵਿੱਤਰਤਾ ਬਹਾਲ ਕੀਤੀ ਜਾਂਦੀ ਹੈ। ਮੁਆਵਜ਼ਾ ਜਾਂ ਕੱਫ਼ਾਰਾ ਪਾਪ ਦੀ ਗੰਭੀਰਤਾ ਨੂੰ ਵਿਖਾਉਂਦਾ ਹੈ। ਮੁਕਤੀ ਸਾਨੂੰ ਇੰਜੀਲ ਤੇ ਵਿਸ਼ਵਾਸ ਕਰਨ ਅਤੇ ਉਹਦਾ ਹੁਕਮ ਮੰਨਣ ਨਾਲ ਦਾਨ ਦੇ ਰੂਪ ਵਿਚ ਦਿੱਤੀ ਜਾਂਦੀ

ਹੈ। ਯਿਸੂ ਨੇ ਸ਼ੈਤਾਨ ਨੂੰ ਹੀ ਗੱਦੀਓਂ ਨਹੀ ਲਾਹਿਆ, ਉਹਨੇ ਪਾਪ ਨੂੰ ਵੀ ਸਜ਼ਾ ਦਿੱਤੀ। ਉਹਦੀ ਕਿਰਪਾ ਦੇ ਅਜੂਬੇ ਦੇ ਰਾਹੀਂ ਦਿੱਤੇ ਬਗੈਰ ਪਾਪ ਦਾ ਕਰਜ਼ਾ ਚੁਕਾਇਆ ਨਹੀਂ ਜਾ ਸਕਦਾ।

ਛੁਡਾਏ ਹੋਇਆਂ ਨੂੰ ਭੁੱਲਣਾ ਨਹੀਂ ਚਾਹੀਦਾ ਕਿ ਛੁਟਕਾਰਾ ਕੀ ਹੈ!

*ਸਲੀਬ ...*
*ਹੋਰ ਰਾਹ ਹੀ ਨਹੀਂ!*

---

ਟਿੱਪਣੀ

[1]ਜੇਮਸ ਬਰਟਨ ਕੌਫ਼ਮੈਨ, *ਕਮੈਂਟਰੀ ਆਨ ਰੋਮਨਜ਼* (ਆਸਟਿਨ, ਟੈਕਸਸ: ਫ਼ਰਮ ਫ਼ਾਊਂਡੇਸ਼ਨ ਪਬਲਿਸ਼ਿੰਗ ਹਾਊਸ, 1973), 122.